

ਮਰਦਮਸ਼ੁਮਾਰੀ
CALIFORNIA ALL 2020

# ਜਨਗਣਨਾ 2020 ਵਿੱਚ ਹੋ ਰਹੀ ਹੈ।

ਅਗਲੀ ਜਨਗਣਨਾ 2020 ਦੀ ਬਸੰਤ ਵਿੱਚ ਹੋ ਰਹੀ ਹੈ। ਆਓ ਪੱਕਾ ਕਰੀਏ ਕਿ ਸਾਰੇ ਕੈਲੀਫੋਰਨੀਆ ਵਾਸੀਆਂ ਦੀ ਗਣਿਤੀ ਕੀਤੀ ਜਾਂਦੀ ਹੈ ਤਾਂ ਜੋ ਅਸੀਂ ਉਨ੍ਹਾਂ ਸਰੋਤਾਂ ਨੂੰ ਇੱਥੇ ਘਰ ਵਿੱਚ ਚੰਗੀ ਵਰਤੋਂ ਵਿੱਚ ਲਗਾ ਸਕੀਏ!

- ਬਹਿਤਰ ਸੜਕਾਂ ਅਤੇ ਸਕੂਲ ਬਣਾਉਣ ਲਈ
- ਬਜ਼ੁਰਗਾਂ, ਬੱਚਿਆਂ ਅਤੇ ਪਰਵਿਾਰਾਂ ਵਾਸਤੇ ਭਾਈਚਾਰਕ ਪ੍ਰੋਗਰਾਮਾਂ ਲਈ ਪੈਸਾ ਦੇਣ ਲਈ
- ਨੌਕਰੀਆਂ ਪੈਦਾ ਕਰਨ ਲਈ
- ਹਾਉਸਿੰਗ ਨੂੰ ਬਹਿਤਰ ਬਣਾਉਣ ਲਈ

ਮਾਰਚ 2020 ਦੇ ਅੱਧ ਤੋਂ ਸ਼ੁਰੂ ਕਰਦਿਆਂ, ਹਰੇਕ ਪਰਵਿਾਰ ਨੂੰ ਡਾਕ ਵਿੱਚ ਇੱਕ ਚਿੱਠੀ ਮਿਲੇਗੀ। ਇਹ ਉਨ੍ਹਾਂ ਵੱਖ-ਵੱਖ ਤਰੀਕਿਆਂ ਬਾਰੇ ਦੱਸੇਗੀ ਹੈ ਜਿਨ੍ਹਾਂ ਨਾਲ ਤੁਸੀਂ ਜਨਗਣਨਾ ਨੂੰ ਭਰ ਸਕਦੇ ਹੋ। ਜੇ ਤੁਹਾਨੂੰ ਕੋਈ ਚਿੱਠੀ ਨਹੀਂ ਮਿਲਦੀ ਹੈ, ਤਾਂ ਵੀ ਤੁਸੀਂ ਔਨਲਾਈਨ ਜਾ ਸਕਦੇ ਹੋ ਜਾਂ ਇਸਨੂੰ ਭਰਨ ਲਈ ਕਾਲ ਕਰ ਸਕਦੇ ਹੋ। ਇਹ ਪੱਕਾ ਕਰੋ ਕਿ ਤੁਸੀਂ ਆਪਣੇ ਘਰ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਨੂੰ ਸ਼ਾਮਲ ਕਰੋ, ਭਾਵੇਂ ਉਹ ਪਰਵਿਾਰ ਹੈ ਜਾਂ ਨਹੀਂ।

## ਜਨਗਣਨਾ ਦੀਆਂ ਮੁੱਖ ਤਾਰੀਖਾਂ

| | |
|---|---|
| ਮਾਰਚ 12–20 | 2020 ਜਨਗਣਨਾ ਲਈ ਸੱਦੇ ਡਾਕ ਰਾਹੀਂ ਭੇਜੇ ਜਾਣਗੇ |
| ਮਾਰਚ 16-24 | ਰੀਮਾਇੰਡਰ ਚਿੱਠੀਆਂ ਡਾਕ ਰਾਹੀਂ ਭੇਜੀਆਂ ਗਈਆਂ |
| ਮਾਰਚ 26–ਅਪਰੈਲ 3 | ਰੀਮਾਇੰਡਰ ਪੋਸਟਕਾਰਡ ਡਾਕ ਰਾਹੀਂ ਭੇਜਿਆ ਗਿਆ |
| ਅਪਰੈਲ 1 | ਜਨਗਣਨਾ ਦਾ ਦਿਨ! |
| ਅਪਰੈਲ 8–16 | ਦੂਜਾ ਰੀਮਾਇੰਡਰ ਅਤੇ ਹਾਰਡ ਕਾਪੀ ਜਨਗਣਨਾ ਫਾਰਮ ਡਾਕ ਰਾਹੀਂ ਭੇਜੇ ਜਾਣਗੇ |
| ਅਪਰੈਲ 20-27 | ਵਿਅਕਤੀਗਤ ਤੌਰ ਤੇ ਫਾਲੋ-ਅਪ ਕਰਨ ਤੋਂ ਪਹਿਲਾਂ ਫਾਈਨਲ ਪੋਸਟਕਾਰਡ ਡਾਕ ਰਾਹੀਂ ਭੇਜਿਆ ਗਿਆ |

## ਜਨਗਣਨਾ ਨੂੰ ਪੂਰਾ ਕਰਨ ਦੇ ਤਿੰਨ ਤਰੀਕੇ

ਡਾਕ ਰਾਹੀਂ ਅੰਗ੍ਰੇਜ਼ੀ ਜਾਂ ਸਪੈਨਿਸ਼ ਵਿੱਚ ਇੱਕ ਕਾਗਜ਼ੀ ਜਨਗਣਨਾ ਫਾਰਮ ਲਈ ਬੇਨਤੀ ਜਿਸਨੂੰ ਡਾਕ ਰਾਹੀਂ ਅਮਰੀਕੀ ਜਨਗਣਨਾ ਬਿਊਰੋ ਨੂੰ ਵਾਪਸ ਭੇਜਿਆ ਜਾ ਸਕਦਾ ਹੈ।

ਫ਼ੋਨ ਰਾਹੀਂ ਜਨਗਣਨਾ 13 ਭਾਸ਼ਾਵਾਂ ਵਿੱਚ ਫ਼ੋਨ ਦੁਆਰਾ ਪੂਰੀ ਕੀਤੀ ਜਾ ਸਕਦੀ ਹੈ।

ਔਨਲਾਈਨ ਪਹਿਲੀ ਵਾਰ, ਜਨਗਣਨਾ ਫਾਰਮ 13 ਭਾਸ਼ਾਵਾਂ ਵਿੱਚ ਔਨਲਾਈਨ ਪੂਰਾ ਕਰਨ ਲਈ ਉਪਲਬਧ ਹੋਵੇਗਾ।

ਤੁਹਾਡਾ 2020 ਡੇਟਾ ਸੁਰੱਖਿਅਤ, ਮਹਿਫ਼ੂਜ਼ ਅਤੇ ਗੁਪਤ ਹੈ। ਕੈਲੀਫੋਰਨੀਆ 1 ਅਪ੍ਰੈਲ, 2020 ਨੂੰ ਸਾਰੇ ਕੈਲੀਫੋਰਨੀਆ ਵਾਸੀਆਂ ਦੀ ਸੰਪੂਰਨ ਅਤੇ ਸਹੀ ਗਣਿਤੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।